Toronto District School Board

21 ਅਗਸਤ, 2020

ਪਿਆਰੇ ਮਾਤਾ-ਪਿਤਾ/ਸਰਪ੍ਰਸਤੋ ਅਤੇ ਪਰਿਵਾਰੋ,

ਅਸੀਂ ਸਿਰਫ਼ ਧੰਨਵਾਦ ਕਹਿ ਕੇ ਸ਼ੁਰੂਆਤ ਕਰਨਾ ਚਾਹੁੰਦੇ ਹਾਂ। ਤੁਹਾਡੇ ਨਿਰੰਤਰ ਜਾਰੀ ਸਬਰ ਲਈ ਤੁਹਾਡਾ ਸਾਰਿਆਂ ਦਾ ਦਿਲੋਂ ਧੰਨਵਾਦ ਜਿਵੇਂ ਅਸੀਂ ਸਟਾਫ ਅਤੇ ਵਿਦਿਆਰਥੀਆਂ ਲਈ ਸਕੂਲ ਵਿਚ ਅਤੇ ਕੰਮ ਤੇ ਸੁਰੱਖਿਅਤ ਵਾਪਸੀ ਲਈ ਸਾਰੀ ਯੋਜਨਾਬੰਦੀ ਅਤੇ ਸਿੱਖਿਆ ਮੰਤਰਾਲੇ ਦੀਆਂ ਲੁੜੀਂਦੀਆਂ ਮਨਜ਼ੂਰੀਆਂ ਵਿੱਚੋਂ ਕੰਮ ਕਰਦੇ ਹਾਂ। ਇਹ ਇੱਕ ਸੌਖੀ ਜਾਂ ਸਿੱਧੀ ਪ੍ਰਕਿਰਿਆ ਨਹੀਂ ਰਹੀ ਹੈ। ਅਸੀਂ ਜਾਣਦੇ ਹਾਂ ਕਿ ਤੁਸੀਂ ਇਸ ਬਾਰੇ ਹੋਰ ਜਾਣਨ ਲਈ ਬੇਤਾਬ ਹੋ ਕਿ ਜਿਵੇਂ ਅਸੀਂ ਟੀਡੀਐਸਬੀ ਦੇ ਸਕੂਲ ਖੋਲ੍ਹਦੇ ਹਾਂ ਅਤੇ ਵਿਦਿਆਰਥੀਆਂ ਦਾ ਵਾਪਸ ਸਵਾਗਤ ਕਰਦੇ ਹਾਂ ਤਾਂ ਕੀ ਉਮੀਦ ਕੀਤੀ ਜਾਣੀ ਚਾਹੀਦੀ ਹੈ। ਅਸੀਂ ਤੁਹਾਡੀ ਨਿਰੰਤਰ ਜਾਰੀ ਸਮਝ ਅਤੇ ਵਿਸ਼ਵਾਸ ਦੀ ਦਿਲੋਂ ਸਲਾਹੁਣਾ ਕਰਦੇ ਹਾਂ ਜਿਵੇਂ ਅਸੀਂ ਅਗੇ ਵੱਧਦੇ ਹਾਂ। ਅਸੀਂ ਸਕੂਲ ਵਿੱਚ ਸੁਰੱਖਿਅਤ ਵਾਪਸੀ ਲਈ ਪ੍ਰਭਾਵਸ਼ਾਲੀ ਢੰਗ ਨਾਲ ਯੋਜਨਾ ਬਣਾਉਣ ਵਾਸਤੇ ਜੋ ਕੁਝ ਵੀ ਕਰ ਸਕਦੇ ਹਾਂ ਕਰ ਰਹੇ ਹਾਂ ਅਤੇ ਸਾਡਾ ਧਿਆਨ ਸਟਾਫ, ਵਿਦਿਆਰਥੀਆਂ ਅਤੇ ਪਰਿਵਾਰਾਂ ਨੂੰ ਸੁਰੱਖਿਅਤ ਅਤੇ ਸਿਹਤਮੰਦ ਰੱਖਣ ਲਈ ਹਰ ਸੰਭਵ ਚੀਜ਼ ਕਰਨ ਤੇ ਕੇਂਦਰਿਤ ਹ▯।

ਜਿਵੇਂ ਕਿ ਤੁਸੀਂ ਜਾਣਦੇ ਹੋ ਸਕਦੇ ਹੋ, ਕਲ ਟ੍ਰਸਟੀਆਂ ਨੇ ਸਕੂਲਾਂ ਵਿੱਚ ਵਿਦਿਆਰਥੀਆਂ ਅਤੇ ਸਟਾਫ ਦੀ ਸੁਰੱਖਿਆ ਨੂੰ ਸੁਧਾਰਨ ਵਿੱਚ ਸਹਾਇਤਾ ਕਰਨ ਲਈ ਐਲੀਮੈਂਟਰੀ ਕਲਾਸ ਸਾਈਜ਼ਾਂ ਨੂੰ ਘਟਾਉਣ ਵਾਸਤੇ 366 ਵਾਧੂ ਅਧਿਆਪਕਾਂ ਨੂੰ ਭਰਤੀ ਕਰਨ ਲਈ $30 ਮਿਲੀਅਨ ਤੋਂ ਵੱਧ ਦੀ ਫੰਡਿੰਗ ਨੂੰ ਮਨਜ਼ੂਰੀ ਦੇਣ ਸਮੇਤ ਕਈ ਮਹੱਤਵਪੂਰਨ ਫੈਸਲੇ ਕੀਤੇ। ਸਟਾਫ ਨੇ ਹੁਣ ਸਾਡੇ ਸੈਕੰਡਰੀ ਅਤੇ ਐਲੀਮੈਂਟਰੀ ਸਕੂਲਾਂ ਦੇ ਲਰਨਿੰਗ ਮਾਡਲਾਂ ਨੂੰ ਅੰਤਿਮ ਰੂਪ ਦੇ ਦਿੱਤਾ ਹੈ ਅਤੇ ਅਸੀਂ ਸਕੂਲ ਨੂੰ ਦੋਬਾਰਾ ਖੋਲ੍ਹਣ ਲਈ ਲੁੜੀਂਦੀ ਮਹੱਤਵਪੂਰਨ ਯੋਜਨਾਬੰਦੀ ਅਤੇ ਤਿਆਰੀਆਂ ਦੇ ਨਾਲ ਅਗੇ ਵੱਧ ਰਹੇ ਹਾਂ।

**ਦੇਰੀ ਨਾਲ ਸ਼ੁਰੂਆਤ (Delayed Start): ਮੰਗਲਵਾਰ, 15 ਸਤੰਬਰ**

ਸਕੂਲ ਵਿੱਚ ਵਾਪਸੀ ਵਾਸਤੇ ਤਿਆਰੀ ਕਰਨ ਲਈ ਲੁੜੀਂਦੇ ਸਮੇਂ ਨੂੰ ਦੇਖਦੇ ਹੋਏ, ਟੀਡੀਐਸਬੀ ਨੂੰ ਸਕੂਲ ਦੇ ਪਹਿਲੇ ਦਿਨ (ਐਲੀਮੈਂਟਰੀ, ਸੈਕੰਡਰੀ ਅਤੇ ਵਰਚੁਅਲ ਸਕੂਲ ਲਈ) ਨੂੰ **ਮੰਗਲਵਾਰ, 15 ਸਤੰਬਰ ਤੱਕ ਬਦਲਣਾ ਪਵੇਗਾ।** ਫਿਰ ਸਾਰੇ ਗਰੇਡਾਂ ਦੇ ਪ੍ਰਵੇਸ਼ ਨੂੰ ਤਿੰਨ ਦਿਨਾਂ ਵਿੱਚ ਵੱਖ ਵੱਖ ਸਮੇਂ ਤੇ ਰੱਖਿਆ ਜਾਵੇਗਾ। ਇਹ ਵਾਧੂ ਸਮਾਂ ਸਾਨੂੰ ਸਕੂਲਾਂ ਨੂੰ ਸੁਰੱਖਿਅਤ ਅਤੇ ਕ੍ਰਮਬੱਧ ਢੰਗ ਨਾਲ ਖੋਲ੍ਹਣ ਵਿੱਚ ਸਹਾਇਤਾ ਕਰੇਗਾ। ਹੋਰ ਜਾਣਕਾਰੀ ਅਤੇ ਖਾਸ ਵੇਰਵੇ ਸਕੂਲ ਦੇ ਪਹਿਲੇ ਦਿਨ ਤੋਂ ਪਹਿਲਾਂ ਤੁਹਾਡੇ ਬੱਚੇ ਦੇ ਸਕੂਲ ਤੋਂ ਮਾਤਾ-ਪਿਤਾ/ਪਰਿਵਾਰਾਂ ਦੇ ਨਾਲ ਸਿੱਧੇ ਤੌਰ ਤੇ ਸਾਂਝੇ ਕੀਤੇ ਜਾਣਗੇ।

**ਮਾਸਕ/ਫੇਸ ਕਵਰਿੰਗ (Face Covering) ਸੰਬੰਧੀ ਸੇਧਾਂ**

ਸਕੂਲਾਂ ਵਿੱਚ ਸਿਹਤ ਅਤੇ ਸੁਰੱਖਿਆ ਨੂੰ ਸੁਧਾਰਨ ਵਾਸਤੇ, ਸਾਰੇ ਵਿਦਿਆਰਥੀਆਂ ਅਤੇ ਸਟਾਫ ਦੇ ਲਈ ਟੀਡੀਐਸਬੀ ਦੀਆਂ ਇਮਾਰਤਾਂ ਅਤੇ ਸਕੂਲ ਬਸਾਂ ਤੇ ਮਾਸਕ/ਫੇਸ ਕਵਰਿੰਗ ਪਹਿਨਣਾ ਜ਼ਰੂਰੀ ਹੋਵੇਗਾ। ਇਹ ਫੈਸਲਾ ਸਿਟੀ ਔਫ ਟੋਰੋਂਟੋ ਦੀ ਸਮੁੱਚੀ ਜ਼ਰੂਰਤ ਦੇ ਨਾਲ ਮੇਲ

ਖਾਂਦਾ ਹੈ ਕਿ ਦੋ ਸਾਲ ਤੋਂ ਵੱਧ ਉਮਰ ਦਾ ਕੋਈ ਵੀ ਵਿਅਕਤੀ ਅੰਦਰਲੀਆਂ ਜਨਤਕ ਥਾਵਾਂ ਵਿੱਚ ਮਾਸਕ/ਫੇਸ ਕਵਰਿੰਗ ਪਹਿਨੇ - ਮੈਡੀਕਲ ਕਾਰਨਾਂ ਕਰਕੇ ਛੋਟਾਂ ਦੇ ਨਾਲ। ਭਾਵੇਂ ਲੋੜ ਪੈਣ 'ਤੇ ਸਕੂਲਾਂ ਵਿਚ ਵਿਦਿਆਰਥੀਆਂ ਲਈ ਮਾਸਕ ਉਪਲਬਧ ਹੋਣਗੇ, ਅਪੇਖਿਆ ਇਹ ਹੈ ਕਿ ਵਿਦਿਆਰਥੀ ਆਪਣੇ ਖੁਦ ਦੇ ਮਾਸਕ/ਫੇਸ ਕਵਰਿੰਗਾਂ ਮੁਹੱਈਆ ਕਰਨਗੇ ਅਤੇ ਪਹਿਨਣਗੇ। ਖਾਸ ਕਰਕੇ ਛੋਟੇ ਵਿਦਿਆਰਥੀਆਂ ਦੇ ਲਈ, ਅਸੀਂ ਯਕੀਨੀ ਬਣਾਵਾਂਗੇ ਕਿ ਆਉਟਡੋਰ ਬ੍ਰੇਕਾਂ ਹੁੰਦੀਆਂ ਹਨ, ਤਾਂਕਿ ਵਿਦਿਆਰਥੀ ਇੱਕ ਸਮੇਂ ਤੇ ਕਈ ਘੰਟਿਆਂ ਵਾਸਤੇ ਮਾਸਕ ਨਾ ਪਹਿਨਣ। ਮਾਸਕ/ਫੇਸ ਕਵਰਿੰਗਾਂ ਬਾਰੇ ਹੋਰ ਵੇਰਵੇ ਜਲਦੀ ਹੀ ਆਉਣਗੇ।

## ਲਰਨਿੰਗ ਮਾਡਲ

### ਐਲੀਮੈਂਟਰੀ (ਕਿੰਡਰਗਾਰਟਨ ਤੋਂ ਗ੍ਰੇਡ 8 ਤੱਕ)

ਵਿਦਿਆਰਥੀ (ਸਪੈਸ਼ਲ ਐਜੁਕੇਸ਼ਨ ਅਤੇ ਫਰੈਂਚ ਇਮਰਸ਼ਨ ਅਤੇ ਐਕਸਟੇਨਡਿਡ ਫਰੈਂਚ ਪ੍ਰੋਗਰਾਮਾਂ ਵਿਚਲੇ ਵਿਦਿਆਰਥੀਆਂ ਸਮੇਤ) ਰਿਸੈਸ ਅਤੇ ਲੰਚ ਸਮੇਤ, ਪੂਰੇ ਦਿਨ ਲਈ ਇੱਕ ਕੋਹੋਰਟ/ਸਮੂਹ ਦੇ ਨਾਲ, ਪ੍ਰਤੀ ਹਫਤੇ 5 ਦਿਨਾਂ ਲਈ ਸਕੂਲ ਵਿੱਚ ਹਾਜ਼ਰ ਹੋਣਗੇ। ਵੱਧ ਤੋਂ ਵੱਧ ਸਰੀਰਕ ਦੂਰੀ ਰੱਖਣ ਵਿੱਚ ਸਹਾਇਤਾ ਕਰਨ ਲਈ ਛੋਟੇ ਕਲਾਸ ਸਾਈਜ਼ਾ� ਸਮੇਤ, ਵੱਧੇ ਹੋਏ ਸਿਹਤ ਅਤੇ ਸੁਰੱਖਿਆ ਪਰੋਟੋਕਾਲ ਸਥਾਪਤ ਕੀਤੇ ਜਾਣਗੇ। ਅਜਿਹੇ ਭਾਈਚਾਰਿਆਂ ਵਿੱਚ ਸਥਿਤ ਐਲੀਮੈਂਟਰੀ ਸਕੂਲਾਂ, ਜਿਥੇ ਟੋਰੋਂਟੋ ਪਬਲਿਕ ਹੈਲਥ ਡਾਟਾ ਕੋਵਿਡ-19 ਦਾ ਸ਼ਿਕਾਰ ਹੋਣ ਦਾ ਵੱਧ ਜੋਖਮ ਦਰਸਾਉਂਦਾ ਹੈ, ਵਿੱਚ ਬਾਕੀ ਸਾਰੇ ਦੂਸਰੇ ਐਲੀਮੈਂਟਰੀ ਸਕੂਲਾਂ ਨਾਲੋਂ ਕਲਾਸ ਦੇ ਛੋਟੇ ਸਾਈਜ਼ ਹੋਣਗੇ।
**ਐਲੀਮੈਂਟਰੀ ਕਲਾਸ ਸਾਈਜ਼ਾਂ ਬਾਰੇ ਮਹੱਤਵਪੂਰਨ ਵੇਰਵਿਆਂ ਸਮੇਤ ਹੋਰ ਜਾਣਕਾਰੀ ਲਈ ਵੈੱਬਸਾਈਟ ਤੇ ਜਾਓ।**

### ਸੈਕੰਡਰੀ (ਗ੍ਰੇਡ 9 ਤੋਂ 12 ਤੱਕ)

ਵਿਦਿਆਰਥੀਆਂ (ਸਪੈਸ਼ਲ ਐਜੁਕੇਸ਼ਨ ਅਤੇ ਫਰੈਂਚ ਇਮਰਸ਼ਨ ਅਤੇ ਐਕਸਟੇਨਡਿਡ ਫਰੈਂਚ ਪ੍ਰੋਗਰਾਮਾਂ ਵਿਚਲੇ ਵਿਦਿਆਰਥੀਆਂ ਸਮੇਤ) ਦੀ ਹਰ ਦੂਸਰੇ ਦਿਨ ਨੂੰ ਇੰਨ-ਕਲਾਸ ਲਰਨਿੰਗ ਅਤੇ ਸਮਕਾਲੀ (ਲਾਈਵ, ਔਨਲਾਈਨ ਲਰਨਿੰਗ) ਦੇ ਨਾਲ ਸਰੀਰਕ ਦੂਰੀ ਰੱਖਣ ਨੂੰ ਵਧਾਉਣ ਵਿੱਚ ਸਹਾਇਤਾ ਕਰਨ ਵਾਸਤੇ ਛੋਟੇ ਸਾਈਜ਼ਾਂ ਸਮੇਤ ਸਥਾਪਤ ਕੀਤੇ ਗਏ ਵਧਾਏ ਗਏ ਸਿਹਤ ਉਪਾਵਾਂ ਦੇ ਨਾਲ ਰੋਜ਼ਾਨਾ ਗੈਰ-ਸਮਕਾਲੀ (ਸੁਤੰਤਰ ਕੰਮ) ਲਰਨਿੰਗ ਹੋਵੇਗੀ। ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਵੈੱਬਸਾਈਟ ਤੇ ਜਾਓ।

### ਵਰਚੁਅਲ (Virtual) ਸਕੂਲ (ਕਿੰਡਰਗਾਰਟਨ ਤੋਂ ਗ੍ਰੇਡ 12 ਤੱਕ)

ਉਹ ਮਾਤਾ-ਪਿਤਾ ਜਿਹੜੇ ਚਾਹੁੰਦੇ ਹਨ ਕਿ ਉਨ੍ਹਾਂ ਦਾ ਬੱਚਾ ਘਰੋਂ ਪੜ੍ਹਾਈ ਕਰੇ ਰਿਮੋਟ ਲਰਨਿੰਗ ਵਿਕਲਪ ਚੁਣ ਸਕਦੇ ਹਨ। ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਵੈੱਬਸਾਈਟ ਤੇ ਜਾਓ। ਐਲੀਮੈਂਟਰੀ ਅਤੇ ਸੈਕੰਡਰੀ।

## ਇੰਨ-ਸਕੂਲ ਜਾਂ ਵਰਚੁਅਲ ਲਰਨਿੰਗ ਲਈ ਰਜਿਸਟ੍ਰੇਸ਼ਨ

ਜਿਵੇਂ ਕਿ ਤੁਸੀਂ ਜਾਣਦੇ ਹੋ, ਅਸੀਂ ਇਸ ਮਹੀਨੇ ਦੀ ਸ਼ੁਰੂਆਤ ਵਿੱਚ ਇਹ ਜਾਣਨ ਲਈ ਪ੍ਰੀ-ਰਜਿਸਟ੍ਰੇਸ਼ਨ ਪ੍ਰਕਿਰਿਆ ਸ਼ੁਰੂ ਕੀਤੀ ਕਿ ਕਿਹੜੇ ਵਿਦਿਆਰਥੀਆਂ ਦੀ ਸਤੰਬਰ ਵਿੱਚ ਸਕੂਲ ਵਿੱਚ ਹਾਜ਼ਰ ਹੋਣ ਦੀ ਯੋਜਨਾ ਹੈ ਅਤੇ ਕਿਹੜੇ ਵਿਦਿਆਰਥੀਆਂ ਦੀ ਪੂਰੀ ਤਰ੍ਹਾਂ ਰਿਮੋਟ (ਘਰ

ਵਿੱਚ) ਲਰਨਿੰਗ ਵਿੱਚ ਭਾਗ ਲੈਣ ਦੀ ਯੋਜਨਾ ਹੈ। ਉਸ ਸਮੇਂ ਤੋਂ ਬਾਅਦ, ਲਰਨਿੰਗ ਮਾਡਲਾਂ ਵਿੱਚ ਮਹੱਤਵਪੂਰਨ ਤਬਦੀਲੀਆਂ ਹੋਈਆਂ ਹਨ ਅਤੇ ਇਹ ਫੈਸਲਾ ਕਰਨ ਵਿੱਚ ਮਾਤਾ-ਪਿਤਾ ਨੂੰ ਸੂਚਿਤ ਕਰਨ ਵਿੱਚ ਸਹਾਇਤਾ ਕਰਨ ਵਾਸਤੇ ਹੋਰ ਜਾਣਕਾਰੀ ਉਪਲਬਧ ਹੈ। ਇਸ ਕਰਕੇ, ਅਗਲੇ ਹਫਤੇ ਦੇ ਬੁੱਧਵਾਰ ਨੂੰ, ਟੀਡੀਐਸਬੀ ਮਾਤਾ-ਪਿਤਾ/ਸਰਪ੍ਰਸਤਾਂ ਨੂੰ ਈਮੇਲ ਰਾਹੀਂ ਅੰਤਿਮ ਫੈਸਲਾ ਕਰਨ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਸਕੂਲ ਵਿੱਚ ਹਾਜ਼ਰ ਹੋਣ ਲਈ ਰਜਿਸਟਰ ਕਰਨ ਜਾਂ *ਵਰਚੁਅਲ ਸਕੂਲ* ਰਾਹੀਂ ਰਿਮੋਟ ਲਰਨਿੰਗ ਚੁਣਨ ਲਈ ਕਹੇਗਾ। ਈਮੇਲ ਵਿੱਚ ਹਰੇਕ ਵਿਦਿਆਰਥੀ ਲਈ ਔਨਲਾਈਨ ਰਜਿਸਟ੍ਰੇਸ਼ਨ ਫਾਰਮ ਵਾਸਤੇ ਇੱਕ ਵਿਲੱਖਣ ਲਿੰਕ ਸ਼ਾਮਲ ਹੋਵੇਗਾ। ਇੱਕ ਤੋਂ ਵੱਧ ਬੱਚੇ ਵਾਲੇ ਮਾਤਾ-ਪਿਤਾ/ਸਰਪ੍ਰਸਤ ਪ੍ਰਤੀ ਬੱਚੇ ਲਈ ਇੱਕ ਈਮੇਲ ਪ੍ਰਾਪਤ ਕਰਨਗੇ ਅਤੇ ਉਨ੍ਹਾਂ ਨੂੰ ਹਰੇਕ ਬੱਚੇ ਵਾਸਤੇ ਇੱਕ ਵੱਖਰੀ ਰਜਿਸਟ੍ਰੇਸ਼ਨ ਪੂਰੀ ਕਰਨ ਦੀ ਲੋੜ ਹੋਵੇਗੀ। ਔਨਲਾਈਨ ਰਜਿਸਟ੍ਰੇਸ਼ਨ ਵੀਹ ਵੱਖ ਵੱਖ ਭਾਸ਼ਾਵਾਂ ਵਿੱਚ ਉਪਲਬਧ ਹੋਵੇਗੀ।

ਸਾਰੇ ਮਾਤਾ-ਪਿਤਾ/ਸਰਪ੍ਰਸਤਾਂ ਵਾਸਤੇ ਇਸ ਔਨਲਾਈਨ ਰਜਿਸਟ੍ਰੇਸ਼ਨ ਨੂੰ ਪੂਰਾ ਕਰਨਾ ਬਹੁਤ ਮਹੱਤਵਪੂਰਨ ਹੈ, ਉਨ੍ਹਾਂ ਲਈ ਵੀ ਜਿਹੜੇ ਪਿਛਲੇ ਹਫਤੇ ਪ੍ਰੀ-ਰਜਿਸਟ੍ਰੇਸ਼ਨ ਕਾਲ ਦਾ ਜਵਾਬ ਦੇ ਚੁੱਕੇ ਹਨ। ਕੇਵਲ ਅਜਿਹੇ ਮਾਤਾ-ਪਿਤਾ/ਸਰਪ੍ਰਸਤ ਜਿੰਨ੍ਹਾਂ ਦਾ ਈਮੇਲ ਪਤਾ ਫਾਈਲ ਵਿੱਚ ਨਹੀਂ ਹੈ ਜਾਂ ਜਿਹੜੇ ਔਨਲਾਈਨ ਰਜਿਸਟ੍ਰੇਸ਼ਨ ਨੂੰ ਪੂਰਾ ਨਹੀਂ ਕਰਦੇ, ਉਹ ਚੋਣ ਕਰਨ ਲਈ ਕਹਿੰਦੀ ਹੋਈ ਰਜਿਸਟ੍ਰੇਸ਼ਨ ਫੋਨ ਕਾਲ ਪ੍ਰਾਪਤ ਕਰਨਗੇ। ਹੋਰ ਜਾਣਕਾਰੀ ਲਈ ਅਤੇ ਵੱਖ ਵੱਖ ਰਜਿਸਟ੍ਰੇਸ਼ਨ ਵਿਕਲਪਾਂ ਬਾਰੇ ਜਾਣਨ ਲਈ, ਅਸੀਂ ਸਾਰੇ ਮਾਤਾ-ਪਿਤਾ/ਸਰਪ੍ਰਸਤਾਂ ਨੂੰ ਟੀਡੀਐਸਬੀ ਵੈੱਬਸਾਈਟ ਤੇ ਜਾਣ ਲਈ ਉਤਸ਼ਾਹਤ ਕਰਦੇ ਹਾਂ।

**ਬੁੱਧਵਾਰ, 26 ਅਗਸਤ**: ਸਾਰੇ ਮਾਤਾ-ਪਿਤਾ/ਸਰਪ੍ਰਸਤਾਂ ਨੂੰ ਈਮੇਲ ਜਾਂਦੀ ਹੈ ਅਤੇ ਰਜਿਸਟ੍ਰੇਸ਼ਨ ਖੁੱਲ੍ਹਦੀ ਹੈ
**ਸ਼ਨੀਵਾਰ, 29 ਅਗਸਤ**: ਰਜਿਸਟ੍ਰੇਸ਼ਨ ਬੰਦ ਹੁੰਦੀ ਹੈ

**ਅਗਲੇ ਕਦਮ**

ਅਸੀਂ ਆਉਣ ਵਾਲੇ ਦਿਨਾਂ ਵਿੱਚ ਪਰਿਵਰਾਂ ਨੂੰ ਸੂਚਿਤ ਅਤੇ ਅੱਪਡੇਟ ਕਰਨਾ ਜਾਰੀ ਰੱਖਾਂਗੇ। ਅਸੀਂ ਸਟਾਫ ਅਤੇ ਵਿਦਿਆਰਥੀਆਂ ਦਾ ਸਵਾਗਤ ਕਰਨ ਲਈ ਸਕੂਲਾਂ ਨੂੰ ਤਿਆਰ ਕਰ ਰਹੇ ਹਾਂ। ਪਹਿਲੇ ਕਦਮ ਵਜੋਂ, ਵਰਤਮਾਨ ਸਮੇਂ ਤੇ ਪ੍ਰੋਗਰਾਮ ਅਤੇ ਓਪਰੇਸ਼ਨਲ ਸੇਧਾਂ ਨੂੰ ਅੰਤਿਮ ਰੂਪ ਦਿੱਤਾ ਜਾ ਰਿਹਾ ਹੈ ਅਤੇ ਅਗਲੇ ਹਫਤੇ ਉਨ੍ਹਾਂ ਨੂੰ ਪ੍ਰਿੰਸੀਪਲਾਂ/ਵਾਇਸ ਪ੍ਰਿੰਸੀਪਲਾਂ ਅਤੇ ਸਕੂਲ ਦੇ ਸਟਾਫ ਦੇ ਨਾਲ ਸਾਂਝਾ ਕੀਤਾ ਜਾਵੇਗਾ। ਸਟਾਫ ਅਤੇ ਵਿਦਿਆਰਥੀਆਂ ਦੇ ਸੁਰੱਖਿਅਤ ਢੰਗ ਨਾਲ ਸਕੂਲ ਪਰਤਣ ਵਾਸਤੇ, ਗੌਰ ਕਰਨ ਵਾਲੀਆਂ ਕਈ ਚੀਜ਼ਾਂ ਅਤੇ ਸੁਵਿਧਾਵਾਂ ਵਿੱਚ ਕੀਤੇ ਜਾਣ ਵਾਲੇ ਕਈ ਫੇਰਬਦਲ ਹਨ ਅਤੇ ਸਕੂਲ ਦੇ ਸਟਾਫ ਨੂੰ ਇੰਨ੍ਹਾਂ ਜ਼ਰੂਰਤਾਂ ਬਾਰੇ ਜਾਣਨ ਅਤੇ ਵਿਦਿਆਰਥੀਆਂ ਦੇ ਸਕੂਲ ਪਰਤਣ ਤੋਂ ਪਹਿਲਾਂ ਲਾਗੂ ਕਰਨਾ ਸ਼ੁਰੂ ਕਰਨ ਵਾਸਤੇ ਸਮੇਂ ਦੀ ਲੋੜ ਹੈ। ਸਕੂਲਾਂ ਲਈ ਸਾਡੀਆਂ ਸਿਹਤ ਅਤੇ ਸੁਰੱਖਿਆ ਸੇਧਾਂ ਬਾਰੇ ਵੈੱਬਸਾਈਟ ਤੇ ਹੋਰ ਜਾਣੋ।

ਜਿਵੇਂ ਇਹ ਮਹੱਤਵਪੂਰਨ ਕੰਮ ਜਾਰੀ ਹੈ, ਅਸੀਂ ਤੁਹਾਡੇ ਨਿਰੰਤਰ ਜਾਰੀ ਧੀਰਜ ਦੀ ਮੰਗ ਕਰਦੇ ਹਾਂ। ਕਿਰਪਾ ਕਰਕੇ ਯਾਦ ਰੱਖੋ ਕਿ ਅਧਿਆਪਕ ਅਤੇ ਸਕੂਲ ਦਾ ਸਟਾਫ ਵੀ ਬੇਸਬਰੀ ਨਾਲ ਉਸ ਜਾਣਕਰੀ ਅਤੇ ਵੇਰਵਿਆਂ ਦੀ ਉਡੀਕ ਕਰ ਰਹੇ ਹਨ ਜਿਹੜੇ ਉਨ੍ਹਾਂ ਨੂੰ

ਸਤੰਬਰ ਵਾਸਤੇ ਯੋਜਨਾ ਬਣਾਉਣ ਦੇਣਗੇ। ਸਕੂਲ ਅਤੇ ਕਲਾਸ-ਵਿਸ਼ਿਸ਼ਟ ਯੋਜਨਾਵਾਂ ਤਿਆਰ ਕਰਨ ਅਤੇ ਉਨ੍ਹਾਂ ਨੂੰ ਅੰਤਿਮ ਰੂਪ ਦੇਣ ਵਿੱਚ ਕੁਝ ਸਮਾਂ ਲਗੇਗਾ। ਕਿਰਪਾ ਕਰਕੇ ਜਾਣੋ ਕਿ ਜਿੰਨੀ ਜਲਦੀ ਸੰਭਵ ਹੋਵੇਗਾ ਪ੍ਰਿੰਸੀਪਲ ਸਕੂਲ-ਵਿਸ਼ਿਸ਼ਟ ਜਾਣਕਾਰੀ ਨੂੰ ਸਿੱਧੇ ਤੌਰ ਤੇ ਪਰਿਵਾਰਾਂ ਨਾਲ ਸਾਂਝਾ ਕਰਨਾ ਸ਼ੁਰੂ ਕਰਨਗੇ। ਅਸੀਂ ਜਾਣਦੇ ਹਾਂ ਕਿ ਤੁਹਾਡੇ ਬਹੁਤ ਸਾਰੇ ਸਵਾਲ ਅਤੇ ਚਿੰਤਾਵਾਂ ਹਨ ਅਤੇ ਸਟਾਫ ਜ਼ਰੂਰੀ ਜਾਣਕਾਰੀ ਮੁਹੱਈਆ ਕਰਨ ਅਤੇ ਤੁਹਾਨੂੰ ਸੂਚਿਤ ਰੱਖਣ ਲਈ ਆਪਣਾ ਸਭ ਤੋਂ ਵਧੀਆ ਕਰਨਾ ਜਾਰੀ ਰੱਖੇਗਾ।

ਅਸੀਂ ਇਕੱਠੇ ਇਸ ਵਿੱਚ ਹਾਂ ਅਤੇ ਅਸੀਂ ਸਾਰੇ ਸਟਾਫ, ਵਿਦਿਆਰਥੀਆਂ ਅਤੇ ਪਰਿਵਾਰਾਂ ਦੀ ਸਿਹਤ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਦੇ ਸਾਂਝੇ ਟੀਚੇ ਨੂੰ ਸਾਂਝਾ ਕਰਦੇ ਹਾਂ। ਅਸੀਂ ਚਾਹੁੰਦੇ ਹਾਂ ਕਿ ਸਕੂਲ ਵਿੱਚ ਵਾਪਸੀ ਸਾਰਿਆਂ ਵਾਸਤੇ ਜਿੰਨੀ ਸੰਭਵ ਹੋਏ ਨਿਰਵਿਘਨ ਹੋਵੇ ਅਤੇ ਅਜਿਹਾ ਹੋਣ ਲਈ ਸਾਨੂੰ ਇਕੱਠੇ ਕੰਮ ਕਰਦੇ ਰਹਿਣਾ ਜਾਰੀ ਰੱਖਣ ਦੀ ਲੋੜ ਹੈ।

ਦਿਲੋਂ,

ਕਾਰਲੀਨ ਜੈਕਸਨ (Carlene Jackson)
ਡਾਇਰੈਕਟਰ ਔਫ ਐਜੁਕੇਸ਼ਨ

ਐਲਿਗਜ਼ੈਂਡਰ ਬਰਾਉਨ (Alexander Brown)
ਚੇਅਰ